211049/2021/OPEN SCHOOL-AP BRANCH-PSEB

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

(ਓਪਨ ਸਕੂਲ ਸ਼ਾਖਾ)

ਨੰ-ਪਸਸਬ-ਓਸ-2021/ 1181

ਵੱਲ

ਮਿਤੀ 18-5-2021

ਸਬੰਧਤ ਪ੍ਰਿੰਸੀਪਲ/ਮੁਖੀ,
ਓਪਨ ਸਕੂਲ, ਪੰਜਾਬ।

**ਵਿਸ਼ਾ:- ਸੈਸ਼ਨ 2021-22 ਲਈ ਮੈਟ੍ਰਿਕੁਲੇਸ਼ਨ/ਸੀਨੀਅਰ ਸੈਕੰਡਰੀ ਕੋਰਸ (ਹਿਊਮੈਨਿਟੀਜ਼/ਕਾਮਰਸ/ਸਾਇੰਸ ਗਰੁੱਪ) ਲਈ ਓਪਨ ਸਕੂਲ ਦੇ ਅਧਿਐਨ ਕੇਂਦਰ ਵਜੋਂ ਐਕਰੀਡਿਟੇਸ਼ਨ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਸੰਸਥਾ ਨੂੰ ਸਾਲ 2021-22 ਲਈ ਓਪਨ ਸਕੂਲ ਸਿੱਖਿਆ ਪ੍ਰਣਾਲੀ ਅਧੀਨ ਮੈਟ੍ਰਿਕੁਲੇਸ਼ਨ/ਸੀਨੀਅਰ ਸੈਕੰਡਰੀ ਕੋਰਸ ਦੇ ਅਧਿਐਨ ਕੇਂਦਰ ਵਜੋਂ ਹੇਠ ਲਿਖੀਆਂ ਸ਼ਰਤਾਂ ਤੇ ਆਰਜ਼ੀ ਐਕਰੀਡਿਟੇਸ਼ਨ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਹੈ:-

1. ਇਹ ਐਕਰੀਡਿਟੇਸ਼ਨ ਨਿਰੋਲ ਆਰਜ਼ੀ ਹੈ। ਸਬੰਧਤ ਨਿਯਮ/ਵਿਨਿਯਮ, ਹਦਾਇਤਾਂ ਆਦਿ ਅਗਵਾਈ ਪੁਸਤਕ ਵਿੱਚ ਸ਼ਾਮਲ ਹਨ।
2. ਆਪ ਜੀ ਦੇ ਅਧਿਐਨ ਕੇਂਦਰ ਨੂੰ ਸੈਸ਼ਨ 2021-22 ਲਈ ਆਰਜ਼ੀ ਐਕਰੀਡਿਟੇਸ਼ਨ ਜਾਰੀ ਕੀਤੀ ਜਾਂਦੀ ਹੈ। ਭਵਿੱਖ ਵਿੱਚ ਦਫ਼ਤਰ ਨਾਲ ਪੱਤਰ ਵਿਹਾਰ ਕਰਨ ਸਮੇਂ ਐਕਰੀਡਿਟੇਸ਼ਨ ਸੂਚੀ ਤੇ ਅੰਕਿਤ ਕੋਡ ਨੰਬਰ ਦੀ ਵਰਤੋਂ ਕੀਤੀ ਜਾਵੇ।
3. ਸੰਸਥਾ ਵੱਲੋਂ ਐਕਰੀਡਿਟੇਸ਼ਨ ਨੂੰ ਜਾਰੀ ਰੱਖਣ ਲਈ ਬੋਰਡ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਹਰ ਸਾਲ ਨਿਰਧਾਰਤ ਫੀਸ ਜਮ੍ਹਾ ਕਰਵਾ ਕੇ ਰੀਨਿਊਅਲ ਕਰਵਾਈ ਜਾਵੇ।
4. ਅਗਵਾਈ ਲੀਹਾਂ ਵਿੱਚ ਦਰਜ ਹਦਾਇਤਾਂ, ਅਧਿਐਨ ਕੇਂਦਰ ਦੀ ਸਥਾਪਨਾ, ਅਧਿਐਨ ਕੇਂਦਰ ਦੇ ਕਾਰਜ, ਪਾਠ ਪੁਸਤਕਾਂ ਸਮੱਗਰੀ ਦੀ ਵੰਡ, ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ.), ਮੁਲਾਂਕਣ ਪੱਤਰ, ਅਗਵਾਈ ਪੁਸਤਕ ਵਿੱਚ ਲੱਗੇ ਪ੍ਰੋਫਾਰਮੇ ਭੇਜਣ ਬਾਰੇ, ਦਾਖਲੇ ਦੀਆਂ ਯੋਗਤਾਵਾਂ, ਪ੍ਰੀਖਿਆ ਦੀਆਂ ਮਿਤੀਆਂ ਅਤੇ ਪੜ੍ਹਾਈ ਸਕੀਮ ਆਦਿ ਸਿਰਲੇਖਾਂ ਅਧੀਨ ਦਰਜ ਹਦਾਇਤਾਂ ਦੀ ਇੰਨ-ਬਿਨ ਪਾਲਣਾ ਕੀਤੀ ਜਾਵੇ। ਹਦਾਇਤਾਂ ਦੀ ਉਲੰਘਣਾ ਕਰਨ ਤੇ ਅਧਿਐਨ ਕੇਂਦਰ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਲਈ ਅਧਿਐਨ ਕੇਂਦਰ ਮੁਖੀ ਆਪ ਜ਼ਿੰਮੇਵਾਰ ਹੋਵੇਗਾ।
5. ਦਾਖਲਾ ਫਾਰਮ/ਪ੍ਰੀਖਿਆ ਫਾਰਮ ਨਿਰਧਾਰਤ ਸ਼ਡਿਊਲ ਅਨੁਸਾਰ ਜਮ੍ਹਾ ਕਰਵਾਏ ਜਾਣ।
6. ਬੈਂਕ ਚਲਾਨ ਰਾਹੀਂ ਜਮ੍ਹਾ ਕਰਵਾਈ ਗਈ ਫੀਸ ਤੋਂ ਇਲਾਵਾ ਵਿਦਿਆਰਥੀ ਤੋਂ ਕੋਈ ਹੋਰ ਫੀਸ ਨਾ ਲਈ ਜਾਵੇ।
7. ਦਾਖਲਾ ਵਿਦਿਆਰਥੀਆਂ ਵਲੋਂ ਸਿੱਧੇ ਤੌਰ ਤੇ ਆਨਲਾਈਨ ਹੋਵੇਗਾ। ਇਸ ਲਈ ਕੋਈ ਵੀ ਅਧਿਐਨ ਕੇਂਦਰ ਨਿਰੋਲ ਆਪਣੇ ਆਧਾਰ ਤੇ ਵਿਦਿਆਰਥੀ ਦਾ ਦਾਖਲਾ ਨਾ ਕਰੇ।
8. ਦਾਖਲੇ ਦੀ ਪ੍ਰਕਿਰਿਆ ਸ਼ੁਰੂ ਹੋਣ ਉਪਰੰਤ ਕਿਸੇ ਵੀ ਅਧਿਐਨ ਕੇਂਦਰ ਦੀ ਐਕਰੀਡਿਟੇਸ਼ਨ ਵਾਪਿਸ ਨਹੀਂ ਲਈ ਜਾ ਸਕੇਗੀ।
9. ਦਸਵੀਂ ਪ੍ਰੀਖਿਆ ਲਈ ਉਮਰ ਦੀ ਯੋਗਤਾ ਦੇ ਆਧਾਰ ਤੇ ਦਾਖਲ ਹੋ ਰਹੇ ਵਿਦਿਆਰਥੀ ਦਾ ਜਨਮ ਸਰਟੀਫਿਕੇਟ/ਉਮਰ ਸਬੰਧੀ ਕੋਈ ਹੋਰ ਸਬੂਤ ਕੇਵਲ ਅਸਲ ਹੀ ਜਮ੍ਹਾਂ ਕਰਵਾ ਕੇ ਦਾਖਲਾ ਫਾਰਮ ਨਾਲ ਭੇਜਿਆ ਜਾਵੇ।
10. ਅਗਵਾਈ ਲੀਹਾਂ ਤੇ ਹਦਾਇਤਾਂ ਅਤੇ ਪ੍ਰਾਸਪੈਕਟਸ (ਦਸਵੀਂ ਅਤੇ ਬਾਰ੍ਹਵੀਂ) ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲਬਧ ਹਨ।
11. ਐਕਰੀਡਿਟੇਸ਼ਨ ਜਾਰੀ ਹੋਣ ਉਪਰੰਤ ਜੇਕਰ ਕੋਈ ਤੱਥ/ਤਰੁੱਟੀ/ਨੁਕਤਾ ਧਿਆਨ ਵਿੱਚ ਆਉਂਦਾ ਹੈ ਤਾਂ ਬੋਰਡ ਨੂੰ ਸੋਧ ਕਰਨ ਦਾ ਪੂਰਾ-ਪੂਰਾ ਹੱਕ ਹੋਵੇਗਾ।

**ਨੋਟ- ਆਪ ਵੱਲੋਂ ਐਕਰੀਡਿਟੇਸ਼ਨ ਆਨਲਾਈਨ ਅਪਲਾਈ ਕੀਤੀ ਗਈ ਹੈ। ਆਪਣਾ ਐਪਲੀਕੇਸ਼ਨ ਫਾਰਮ, ਸਕੂਲ ਦੇ ਵੇਰਵੇ ਐਕਰੀਡਿਟੇਸ਼ਨ ਨਾਲ ਮਿਲਾ ਲਏ ਜਾਣ। ਜੇਕਰ ਕੋਈ ਤਰੁੱਟੀ ਹੋਵੇ ਤਾਂ ਫੋਨ ਨੰ: 0172-5227197 ਤੇ ਸੰਪਰਕ ਕੀਤਾ ਜਾਵੇ ਅਤੇ ਤਰੁਟੀਆਂ ਸਬੰਧੀ ddopenschool@yahoo.com ਤੇ ਮੇਲ ਕੀਤੀ ਜਾਵੇ, ਸਮੇਂ ਸਿਰ ਸੂਚਨਾ ਪ੍ਰਾਪਤ ਨਾ ਹੋਣ ਦੀ ਸੂਰਤ ਸਮੁਚੀ ਜ਼ਿੰਮੇਵਾਰੀ ਸਬੰਧਤ ਅਧਿਐਨ ਕੇਂਦਰ ਮੁਖੀ ਦੀ ਹੋਵੇਗੀ। ਇਸ ਤੋਂ ਇਲਾਵਾ ਐਕਰੀਡਿਟੇਸ਼ਨ ਦੀ ਹਾਰਡ ਕਾਪੀ ਬੋਰਡ ਦਫ਼ਤਰ ਵਿਖੇ ਤੁਰੰਤ ਜਮ੍ਹਾਂ ਕਰਵਾਈ ਜਾਵੇ।**

ਅਮਰਜੀਤ ਕੌਰ ਦਾਲਮ
ਉਪ ਸਕੱਤਰ (ਅਕਾਦਮਿਕ)
ਵਾ:ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

Scanned with CamScanner